# साडे घर विच लहरां बैहरां

ਸਾਡੇ ਘਰ ਵਿੱਚ, ਲਹਿਰਾਂ ਬਹਿਰਾਂ,
ਸਾਨੂੰ ਮੌਜ਼, ਲਗਾਈ ਦਾਤੀ ਨੇ ॥
ਹਰ ਪਾਸੇ, ਖੁਸ਼ੀਆਂ ਖ਼ੇੜੇ* ॥
ਹਰ ਪਾਸੇ, ਖੁਸ਼ੀਆਂ ਖ਼ੇੜੇ,
ਸਾਨੂੰ ਮੌਜ਼, ਲਗਾਈ ਦਾਤੀ ਨੇ ।
ਸਾਡੇ ਘਰ ਵਿੱਚ, ਲਹਿਰਾਂ ਬਹਿਰਾਂ,
ਸਾਨੂੰ ਮੌਜ਼, ਲਗਾਈ ਦਾਤੀ ਨੇ ॥

ਭੰਗੜੇ ਪਾਈਏ, ਨੱਚ ਕੇ ਗਾਈਏ ।
ਮਹਾਂਰਾਣੀ ਦਾ, ਸ਼ੁੱਕਰ ਮਨਾਈਏ ॥
ਸਾਨੂੰ, ਕਮੀ ਕੋਈ ਨਾ ਛੱਡੀ* ॥
ਸਾਨੂੰ, ਕਮੀ ਕੋਈ ਨਾ ਛੱਡੀ,
ਹਰ ਰੀਝ, ਪੁਗਾਈ ਦਾਤੀ ਨੇ,,,
ਸਾਡੇ ਘਰ ਵਿੱਚ,,,,,,,,,,,,,,,,,,F

ਮਾਂ ਨੇ ਕਿਰਪਾ, ਬੜੀ ਹੈ ਕੀਤੀ ।
ਸਾਡੀ ਕਿਸਮਤ, ਬਦਲ ਹੈ ਦਿੱਤੀ ॥
ਜਦ ਦੁੱਖਾਂ ਨੇ, ਪਾਇਆ ਘੇਰਾ* ॥
ਜਦ ਦੁੱਖਾਂ ਨੇ, ਪਾਇਆ ਘੇਰਾ,
ਸਾਡੀ ਲਾਜ਼, ਬਚਾਈ ਦਾਤੀ ਨੇ,,,
ਸਾਡੇ ਘਰ ਵਿੱਚ,,,,,,,,,,,,,,,,,,F

ਭਰ ਦਿੱਤੇ ਨੇ, ਸਾਡੇ ਪੱਲੇ ।
ਜਦੋਂ ਗੁਫ਼ਾ ਵਿੱਚ, ਖੜੇ ਸੀ ਇਕੱਲੇ ॥
ਜਦ ਮਾਂ ਤੋਂ, ਮੈਂ ਸੀ ਮੰਗਿਆ* ॥
ਜਦ ਮਾਂ ਤੋਂ, ਮੈਂ ਸੀ ਮੰਗਿਆ,
ਪਗ ਦੇਰ ਨਾ, ਲਾਈ ਦਾਤੀ ਨੇ,,,
ਸਾਡੇ ਘਰ ਵਿੱਚ,,,,,,,,,,,,,,,,,,F

ਕਰ ਕਿਰਪਾ, ਮਾਂ ਚਰਣੀ ਲਾਇਆ ।
ਐਬਾਂ ਤੇ ਤੂੰ, ਪਰਦਾ ਪਾਇਆ ॥
ਸਾਡੇ ਤੇ, ਕਰਮ ਕਮਾਇਆ* ॥
ਸਾਡੇ ਤੇ, ਕਰਮ ਕਮਾਇਆ,
ਮੇਰੀ ਵਿਗੜੀ, ਬਣਾਈ ਦਾਤੀ ਨੇ,,,
ਸਾਡੇ ਘਰ ਵਿੱਚ,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/24984/title/saade-ghar-vich-lehra-behra

अपने Android मोबाइल पर BhajanGanga App डाउनलोड करें और भजनों का आनंद ले |